**ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਫ਼ਾਜ਼ਿਲਕਾ**

**ਬੇਸਹਾਰਾ ਜਾਨਵਰਾਂ ਦੀ ਬਾਖ਼ੂਬੀ ਸੰਭਾਲ ਕਰ ਰਹੀ ਹੈ ਜ਼ਿਲ੍ਹੇ ਦੇ ਪਿੰਡ ਨਵਾਂ ਸਲੇਮ ਸ਼ਾਹ ਦੀ ਸਰਕਾਰੀ ਗਊਸ਼ਾਲਾ**

**ਨਵੰਬਰ 2016 `ਚ 15 ਪਸ਼ੂਆਂ ਨਾਲ ਸ਼ੁਰੂ ਕੀਤੀ ਗਊਸ਼ਾਲਾ ਵਿਚ 4 ਸਾਲ ਤੋਂ ਵੱਧ ਅਰਸੇ ਦੌਰਾਨ 450 ਪਸ਼ੂਆਂ ਦੀ ਕੀਤੀ ਜਾ ਰਹੀ ਹੈ ਸੰਭਾਲ**

**ਸਮਾਜ ਸੇਵੀ ਸੰਸਥਾਵਾਂ ਅਤੇ ਮਨਰੇਗਾ ਮਜ਼ਦੂਰਾਂ ਵੱਲੋਂ ਦਿੱਤਾ ਜਾ ਰਿਹਾ ਹੈ ਵਿਸ਼ੇਸ਼ ਯੋਗਦਾਨ**

**15 ਏਕੜ `ਚ ਬਣਾਏ ਗਏ ਕੈਟਲ ਪੌਂਡ `ਚ 6 ਮੁਲਾਜ਼ਮ ਦੇ ਰਹੇ ਹਨ ਸੇਵਾਵਾਂ**

**ਚੰਗਾ ਕਾਰਜ ਨਿਭਾਉਣ ਵਾਲੇ ਨੁਮਾਇੰਦਿਆਂ ਨੂੰ ਕੀਤਾ ਜਾਂਦਾ ਸਨਮਾਨਿਤ**

**ਕਿਸਾਨਾਂ ਦੇ ਖੇਤਾਂ ਵਿੱਚੋਂ ਚੁੱਕੀ ਜਾਂਦੀ ਹੈ ਪਰਾਲੀ ਤੇ ਤੂੜੀ**

**ਫ਼ਸਲੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਦੀਆਂ ਘਟਨਾਵਾ ਨੂੰ ਠੱਲ੍ਹਣ ਵਿਚ ਨਿਭਾਅ ਰਹੀ ਹੈ ਅਹਿਮ ਭੂਮਿਕਾ**

**ਪਿੰਡ ਪੱਟੀਪੂਰਨ ਦੇ ਸਾਬਕਾ ਸਰਪੰਚ ਅਤੇ ਸਮਾਜ ਸੇਵੀਆਂ ਨੇ 150 ਕੁਅੱਟਲ ਦਾਨ ਕੀਤੀ ਤੂੜੀ**

ਫ਼ਾਜ਼ਿਲਕਾ, 7 ਮਈ

ਜ਼ਿਲ੍ਹਾ ਫ਼ਾਜ਼ਿਲਕਾ ਪ੍ਰਸ਼ਾਸਨ ਦੀ ਦੇਖ-ਰੇਖ ਹੇਠ ਨਜ਼ਦੀਕੀ ਪਿੰਡ ਨਵਾਂ ਸਲੇਮ ਸ਼ਾਹ ਵਿਖੇ 15 ਏਕੜ `ਚ ਬਣਾਈ ਗਈ ਸਰਕਾਰੀ ਗਊਸ਼ਾਲਾ (ਕੈਟਲ ਪੌਂਡ) ਬੇਸਹਾਰਾ ਪਸ਼ੂਆਂ ਦੀ ਸਾਂਭ-ਸੰਭਾਲ ਕਰਨ ਵਿੱਚ ਕਾਫੀ ਲਾਹੇਵੰਦ ਸਾਬਿਤ ਹੋ ਰਹੀ ਹੈ। ਪ੍ਰਸ਼ਾਸਨ ਵਲੋਂ ਨਵੰਬਰ 2016 ਵਿਚ ਡਿਸਟ੍ਰਿਕਟ ਐਨੀਮਲ ਵੈੱਲਫ਼ੇਅਰ ਸੁਸਾਇਟੀ ਦੇ ਝੰਡੇ ਹੇਠ 15 ਆਵਾਰਾ ਪਸ਼ੂਆਂ ਨਾਲ ਸ਼ੁਰੂ ਕੀਤੀ ਇਹ ਗਊਸ਼ਾਲਾ ਵਿਚ ਚਾਰ ਸਾਲ ਤੋਂ ਵੱਧ ਦੇ ਅਰਸੇ ਦੌਰਾਨ 450 ਪਸ਼ੂਆਂ ਦੀ ਸੰਭਾਲ ਬਾਖ਼ੂਬੀ ਕੀਤੀ ਜਾ ਰਹੀ ਹੈ।ਇਸ ਗਊਸ਼ਾਲਾ ਵਿੱਚ ਲੋਕ ਵੀ ਖੁੱਲੇ ਦਿਲ ਨਾਲ ਸਹਿਯੋਗ ਕਰ ਰਹੇ ਹਨ। ਇਸ ਦੇ ਨਾਲ ਹੀ ਪਿੰਡ ਪੱਟੀਪੂਰਨ ਦੇ ਸਾਬਕਾ ਸਰਪੰਚ ਲਖਬੀਰ ਸਿੰਘ (5 ਟਰਾਲੀਆਂ) ਅਤੇ ਸਮਾਜ ਸੇਵੀ ਵਿਨੋਦ ਕੁਮਾਰ (10 ਟਰਾਲੀਆਂ),ਨਰਾਇਣ ਸਿੰਘ(2 ਟਰਾਲੀਆਂ), ਹਰਨੇਕ ਸਿੰਘ (2 ਟਰਾਲੀਆਂ) ,ਗੁਰਜੀਤ ਸਿੰਘ(2 ਟਰਾਲੀਆਂ), ਰੋਤਾਸ ਕੁਮਾਰ(2 ਟਰਾਲੀਆਂ) , ਹਰਕ੍ਰਿਸ਼ਨ(1 ਟਰਾਲੀਆਂ), ਪੱਪੂ(1 ਟਰਾਲੀਆਂ) , ਬਹਾਦਰ ਰਾਮ (1 ਟਰਾਲੀਆਂ), ਨੇ 150 ਕੁਅੱਟਲ ਤੂੜੀ ਦਾਨ ਕੀਤੀ ਗਈ ਹੈ। ਜ਼ਿਲ੍ਹਾ ਪ੍ਰਸ਼ਾਸਨ, ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਤੇ ਐਸੋਸੀਏਸ਼ਨਾਂ ਦੇ ਸਹਿਯੋਗ ਨਾਲ ਚਲਾਈ ਜਾ ਰਹੀ ਇਸ ਗਊਸ਼ਾਲਾ ਨਾਲ ਜਿਥੇ ਪਸ਼ੂਆਂ ਦੀ ਸੰਭਾਲ ਸੰਭਵ ਹੋ ਸਕੀ ਹੈ, ਉਥੇ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਵੀ ਮਿਲਿਆ ਹੈ।ਡਿਪਟੀ ਕਮਿਸ਼ਨਰ ਵੱਲੋ ਇਨ੍ਹਾਂ ਦਾਨੀ ਸੱਜਣਾ ਦੀ ਪ੍ਰਸ਼ੰਸ਼ਾਂ ਕੀਤੀ ਗਈ।

ਡਿਪਟੀ ਕਮਿਸ਼ਨਰ ਸ.ਅਰਵਿੰਦ ਪਾਲ ਸਿੰਘ ਸੰਧੂ ਨੇ ਦੱਸਿਆ ਕਿ ਨਵੰਬਰ 2016 `ਚ 15 ਪਸ਼ੂਆਂ ਤੋਂ ਸ਼ੁਰੂ ਕੀਤੀ ਗਈ ਇਸ ਗਊਸ਼ਾਲਾ `ਚ ਹੁਣ ਤੱਕ 450 ਤੋਂ ਵੱਧ ਪਸ਼ੂਆਂ ਨੂੰ ਸਾਂਭਿਆ ਜਾ ਰਿਹਾ ਹੈ। ਇਹ ਗਊਸ਼ਾਲਾ 15 ਏਕੜ `ਚ ਬਣੀ ਹੋਈ ਹੈ, ਜਿਸ ਵਿਚੋਂ 7 ਏਕੜ ਜ਼ਮੀਨ `ਚ ਹਰੇ ਚਾਰੇ ਦੀ ਬਿਜਾਈ ਕੀਤੀ ਜਾਂਦੀ ਹੈ ਜਦਕਿ 8 ਏਕੜ `ਚ 2 ਸ਼ੈੱਡਾਂ ਰਾਹੀਂ ਪਸ਼ੂਆਂ ਦੀ ਸੰਭਾਲ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਗਊਸ਼ਾਲਾ ਵਿਖੇ 500 ਪਸ਼ੂਆਂ ਦੀ ਸਮਰੱਥਾ ਵਾਲੇ 2 ਸ਼ੈੱਡ ਬਣਾਏ ਗਏ ਹਨ ਜਦਕਿ ਕਰੀਬ 250 ਕੁਇੰਟਲ ਤੂੜੀ ਸਟੋਰ ਕਰਨ ਦੀ ਸਮਰੱਥਾ ਵਾਲੇ 1 ਸ਼ੈੱਡ ਦਾ ਨਿਰਮਾਣ ਕੀਤਾ ਗਿਆ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਗਊਸ਼ਾਲਾ ਵਿਖੇ ਪਸ਼ੂਆਂ ਦੇ ਚਾਰੇ ਤੇ ਦਵਾਈਆਂ, ਚਾਰੇ ਕੁਤਰਨ ਦੇ ਇੰਜਣ ਤੇ ਚਾਰਾ ਇਕੱਠਾ ਕਰਨ ਵਾਲੇ ਟਰੈਕਟਰ ਦੇ ਡੀਜ਼ਲ ਤੇ ਸੰਭਾਲ, ਮੁਲਾਜ਼ਮਾਂ ਦੀਆਂ ਤਨਖ਼ਾਹਾਂ ਅਤੇ ਰੱਖ-ਰਖਾਅ ਦੇ ਹੋਰਨਾਂ ਪ੍ਰਬੰਧਾਂ `ਤੇ ਹਰ ਮਹੀਨੇ ਕਰੀਬ 1.5 ਲੱਖ ਰੁਪਏ ਖ਼ਰਚ ਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਖ਼ਰਚੇ ਦਾ ਭਾਰ ਸੁਸਾਇਟੀ ਦੇ ਫ਼ੰਡਾਂ ਅਤੇ ਜ਼ਿਲ੍ਹੇ ਦੀਆਂ ਸਮਾਜ ਸੇਵੀ ਸੰਸਥਾਵਾਂ ਦੇ ਅਥਾਹ ਸਹਿਯੋਗ ਨਾਲ ਝੱਲਿਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਹਿੰਦੂ ਪੁੱਤਰ ਗਊ ਰੱਖਿਆ ਦਲ ਵੱਲੋਂ ਗਊਸ਼ਾਲਾ ਲਈ ਟਰੈਕਟਰ ਦਾਨ ਕਰਨ ਸਣੇ ਟਰਾਲੀ ਖਰੀਦਣ ਲਈ ਮਾਲੀ ਮਦਦ ਕੀਤੀ ਗਈ ਸੀ। ਇਸੇ ਤਰ੍ਹਾਂ ਵੱਖੋ-ਵੱਖ ਸਮਾਜ ਸੇਵੀ ਬਣਦੀਆਂ ਸੇਵਾਵਾਂ ਨਿਭਾਅ ਰਹੇ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਫ਼ਸਲੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਦੀਆਂ ਘਟਨਾਵਾਂ ਨੂੰ ਠੱਲ੍ਹਣ ਵਿਚ ਵੀ ਇਹ ਗਊਸ਼ਾਲਾ ਅਹਿਮ ਭੂਮਿਕਾ ਨਿਭਾਅ ਰਹੀ ਹੈ। ਸਮਾਜ ਸੇਵੀ ਤੇ ਪ੍ਰਬੰਧਕ ਕਿਸਾਨਾਂ ਦੇ ਖੇਤਾਂ ਵਿੱਚੋਂ ਪਰਾਲੀ ਤੇ ਤੂੜੀ

ਚੁੱਕਦੇ ਹਨ ਅਤੇ ਕੈਟਲ ਪੌਂਡ `ਚ ਸਟੋਰ ਕਰਦੇ ਹਨ ਜਿਸ ਦੀ ਬਦੌਲਤ ਗਊਸ਼ਾਲਾ ਵਿਚ ਕਰੀਬ 1200 ਕੁਇੰਟਲ ਸੁੱਕੇ ਚਾਰੇ ਦਾ ਭੰਡਾਰ ਜਮ੍ਹਾਂ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਜਿਥੇ ਪਸ਼ੂਆਂ ਨੂੰ ਖਾਣ ਲਈ ਚਾਰਾ ਮਿਲ ਰਿਹਾ ਹੈ, ਉਥੇ ਪਰਾਲੀ ਤੇ ਹੋਰ ਫ਼ਸਲੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਦੀਆਂ ਘਟਨਾਵਾਂ ਨੂੰ ਠੱਲ੍ਹ ਕੇ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਵੀ ਬਚਾਇਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਕੈਟਲ ਪੌਂਡ ਵਿਚ 6 ਮੁਲਾਜ਼ਮ ਕੰਮ ਕਰਦੇ ਹਨ, ਜਿਨ੍ਹਾਂ ਵਿਚ 1 ਕੇਅਰ ਟੇਕਰ, 4 ਸੇਵਾਦਾਰ ਅਤੇ 1 ਚੌਕੀਦਾਰ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਗਊਸ਼ਾਲਾ ਦੇ ਕੰਮਕਾਜ ਨੂੰ ਹੋਰ ਬਿਹਤਰ ਬਣਾਉਣ ਲਈ ਮਗਨਰੇਗਾ ਸਕੀਮ ਤਹਿਤ ਮਜ਼ਦੂਰਾਂ ਦਾ ਵੀ ਸਹਿਯੋਗ ਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਗਊਸ਼ਾਲਾ ਵਿਖੇ ਆਪਣਾ ਯੋਗਦਾਨ ਪਾਉਣ ਵਾਲੇ ਸਮਾਜ ਸੇਵੀਆਂ ਤੇ ਹੋਰਨਾਂ ਨੁਮਾਇੰਦਿਆਂ ਨੂੰ 15 ਅਗਸਤ ਤੇ 26 ਜਨਵਰੀ ਮੌਕੇ ਸਨਮਾਨਿਤ ਵੀ ਕੀਤਾ ਜਾਂਦਾ ਹੈ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਗਊਸ਼ਾਲਾ ਲਈ ਵੱਧ ਤੋਂ ਵੱਧ ਦਾਨ ਦੇਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਗਊਸ਼ਾਲਾ ਲਈ ਦਾਨ ਸਿੱਧੇ ਤੌਰ `ਤੇ ਡਿਸਟ੍ਰਿਕਟ ਐਨੀਮਲ ਵੈੱਲਫ਼ੇਅਰ ਸੁਸਾਇਟੀ ਦੇ ਬੈਂਕ ਖਾਤੇ ਵਿਚ ਜਮ੍ਹਾਂ ਕਰਵਾਇਆ ਜਾ ਸਕਦਾ ਹੈ ਜਾਂ ਡਿਪਟੀ ਕਮਿਸ਼ਨਰ ਦਫ਼ਤਰ ਦੇ ਟੈਲੀਫ਼ੋਨ ਨੰਬਰ 01638-260555 `ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਾਜ਼ਿਲਕਾ

## ਵਰਜਿਤ ਖੇਤਰਾਂ ਦੇ ਲੋਕ ਹਦਾਇਤਾਂ ਦੀ ਪਾਲਣਾ ਕਰਦਿਆਂ ਆਪਣਾ ਕਰੋਨਾਂ ਟੈਸਟ ਜ਼ਰੂਰ ਕਰਵਾਉਣ-ਐਸ.ਡੀ.ਐਮ.

## ਲੋਕਾਂ ਅੰਦਰ ਜਾਗਰੂਕਤਾ ਲਿਆਉਣ ਲਈ ਵਰਜਿਤ ਖੇਤਰਾਂ `ਚ ਲਗਾਏ ਚਿੰਨ ਬੋਰਡ

ਫਾਜ਼ਿਲਕਾ, 7 ਮਈ

ਡਿਪਟੀ ਕਮਿਸ਼ਨਰ ਸ. ਅਰਵਿੰਦ ਪਾਲ ਸਿੰਘ ਸੰਧੂ ਦੀਆਂ ਹਦਾਇਤਾਂ `ਤੇ ਐਸ.ਡੀ.ਐਮ. ਫਾਜ਼ਿਲਕਾ ਸ੍ਰੀ ਕੇਸ਼ਵ ਗੋਇਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵੱਧ ਪਾਜੀਟਿਵ ਕੇਸ ਆਉਣ ਵਾਲੇ ਖੇਤਰਾਂ ਨੂੰ ਵਰਜਿਤ ਖੇਤਰ ਐਲਾਨਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਵਰਜਿਤ ਖੇਤਰ ਐਲਾਨਣ ਨਾਲ ਖੇਤਰਾਂ ਵਿਚ ਚਿੰਨ ਬੋਰਡ ਲਗਾਏ ਜਾਂਦੇ ਹਨ ਜਿਸ ਨਾਲ ਇਨ੍ਹਾਂ ਖੇਤਰਾਂ ਵਿਚ ਆਵਾਜਾਈ `ਤੇ ਰੋਕ ਲੱਗ ਜਾਂਦੀ ਹੈ ਜਿਸ ਦਾ ਮੰਤਵ ਇਨ੍ਹਾਂ ਖੇਤਰਾਂ ਵਿਚ ਨਾ ਹੀ ਕੋਈ ਆ ਸਕੇਗਾ ਅਤੇ ਨਾ ਹੀ ਜਾ ਸਕੇਗਾ।

ਐਸ.ਡੀ.ਐਮ. ਸ੍ਰੀ ਗੋਇਲ ਨੇ ਕਿਹਾ ਕਿ ਵਰਜਿਤ ਖੇਤਰਾਂ ਦੇ ਲੋਕਾਂ ਦੀ ਵੱਧ ਤੋਂ ਵੱਧ ਸੈਂਪਲਿੰਗ ਕੀਤੀ ਜਾਂਦੀ ਹੈ ਤਾ ਜ਼ੋ ਕਰੋਨਾ ਦਾ ਪ੍ਰਸਾਰ ਅਗੇ ਨਾ ਵਧ ਸਕੇ। ਇਸ ਤੋਂ ਇਲਾਵਾ ਯੋਗ ਵਿਅਕਤੀਆਂ ਦੀ ਵੈਕਸੀਨੇਸ਼ਨ ਵੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਵਰਜਿਤ ਖੇਤਰਾਂ ਦੇ ਜਿਹੜੇ ਵਿਅਕਤੀ ਸੈਂਪਲਿੰਗ ਕਰਵਾਉਣ ਤੋ ਵਾਂਝੇ ਰਹਿ ਗਏ ਹਨ ਤਾਂ ਉਹ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਲਗਾਏ ਜਾਂਦੇ ਕੈਂਪਾਂ ਵਿਚ ਸ਼ਿਰਕਤ ਕਰਕੇ ਵੱਧ ਤੋਂ ਵੱਧ ਸੈਂਪਲਿੰਗ ਕਰਵਾਉਣ।ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਵਰਜਿਤ ਖੇਤਰਾਂ ਦੇ ਪਾਜੀਟਿਵ ਕੇਸਾਂ ਵਾਲੇ ਵਿਅਕਤੀ ਵੀ ਆਪਣੇ ਪਰਿਵਾਰਕ ਮੈਂਬਰਾਂ ਤੋਂ ਦੂਰੀ ਬਣਾ ਕੇ ਰੱਖਣ ਅਤ ਘਰ ਵਿਚ ਰਹਿ ਕੇ ਵੀ ਸਾਵਧਾਨੀਆਂ ਜਿਵੇਂ ਕਿ ਮਾਸਕ ਦੀ ਵਰਤੋਂ ਲਾਜ਼ਮੀ, ਹੱਥਾਂ ਨੂੰ ਵਾਰ-ਵਾਰ ਸਾਬਨ ਨਾਲ ਜਾਂ ਸੈਨੇਟਾਈਜਰ ਨਾਲ ਧੋਣਾ ਯਕੀਨੀ ਬਣਾਉਣ।

ਬਾਕਸ ਲਈ ਪ੍ਰਸਤਾਵਿਤ

ਵਰਜਿਤ ਖੇਤਰਾਂ ਬਾਰੇ ਵੇਰਵੇ ਸਹਿਤ ਸੂਚਨਾ

ਐਸ.ਡੀ.ਐਮ. ਨੇ ਜ਼ਿਲ੍ਹੇ ਦੇ ਵਰਜਿਤ ਖੇਤਰਾਂ ਬਾਰੇ ਵੇਰਵੇ ਸਹਿਤ ਸੂਚਨਾ ਦਿੰਦਿਆਂ ਕਿਹਾ ਕਿ ਅਮਰ ਕਲੋਨੀ, ਵੈਰੋ ਕੇ, ਪੰਜਕੋਸੀ, ਚੂਹੜੀਵਾਲਾ ਧੰਨਾ, ਨਿਹਾਲ ਖੇੜਾ, ਰਾਧਾ ਸਵਾਮੀ ਕਲੋਨੀ, ਗਾਂਧੀ ਨਗਰ ਫਾਜ਼ਿਲਕਾ, ਨਵੀਂ ਆਬਾਦੀ ਅਬੋਹਰ, ਸਰਕੂਲਰ ਰੋਡ ਅਬੋਹਰ, ਕੈਲਾਸ਼ ਨਗਰ ਫਾਜ਼ਿਲਕਾ ਅਤੇ ਬਜੀਦਪੁਰ ਕਟਿਆਂ ਵਾਲੀ ਨੂੰ ਵਰਜਿਤ ਖੇਤਰ ਐਲਾਨਿਆ ਗਿਆ ਹੈ ਤੇ ਇਨ੍ਹਾਂ ਖੇਤਰਾਂ ਵਿਚ ਚਿੰਨ ਬੋਰਡ ਲਗਾਏ ਗਏ ਹਨ ਤਾਂ ਜ਼ੋ ਹੋਰਨਾਂ ਲੋਕ ਇਸ ਬਾਰੇ ਜਾਗਰੂਕ ਰਹਿਣ।



# ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਾਜ਼ਿਲਕਾ

## ਕਰੋਨਾ `ਤੇ ਕਾਬੂ ਪਾਉਣ ਲਈ ਆਰਿਆ ਸਮਾਜ ਮੰਦਰ ਵਿਖੇ ਲਗਾਇਆ ਵੈਕਸੀਨੇਸ਼ਨ ਕੈਂਪ

ਫਾਜ਼ਿਲਕਾ, 7 ਮਈ

ਡਿਪਟੀ ਕਮਿਸ਼ਨਰ ਸ. ਅਰਵਿੰਦ ਪਾਲ ਸਿੰਘ ਸੰਧੂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਰੋਨਾ ਵਾਇਰਸ ਦੇ ਪ੍ਰਕੋਪ ਨੂੰ ਫੈਲਣ ਤੋਂ ਰੋਕਣ ਲਈ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸੈਂਪਲਿੰਗ ਅਤੇ ਵੈਕਸੀਨੇਸ਼ਨ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਕੈਂਪ ਲਗਾਉਣ ਦਾ ਮੰਤਵ ਕਰੋਨਾ ਵਾਇਰਸ ਦੇ ਫੈਲਣ `ਤੇ ਕਾਬੂ ਪਾਉਣਾ ਹੈ ਅਤੇ ਲੋਕਾਂ ਨੂੰ ਟੈਸਟ ਕਰਵਾਉਣ ਦੇ ਨਾਲ-ਨਾਲ ਵੈਕਸੀਨ ਲਗਵਾਉਣ ਬਾਰੇ ਜਾਗਰੂਕ ਕਰਨਾ ਹੈ।

ਉਨ੍ਹਾਂ ਦੱਸਿਆ ਕਿ ਵੈਕਸੀਨੇਸ਼ਨ ਕੈਂਪਾਂ ਦੀ ਲੜੀ ਤਹਿਤ ਅੱਜ ਆਰਿਆ ਸਮਾਜ ਮੰਦਰ ਵਿਖੇ ਵੈਕਸੀਨੇਸ਼ਨ ਕੈਂਪ ਲਗਾਇਆ ਗਿਆ। ਉਨ੍ਹਾਂ ਕਿਹਾ ਕਿ ਲੋਕਾਂ ਵਿਚ ਵੀ ਵੈਕਸੀਨ ਲਗਵਾਉਣ ਪ੍ਰਤੀ ਜਾਗਰੂਕਤਾ ਨਜਰ ਆਈ ਤੇ ਕਾਫੀ ਗਿਣਤੀ ਵਿਚ ਲੋਕਾਂ ਨੇ ਸ਼ਿਰਕਤ ਕਰਕੇ ਵੈਕਸੀਨ ਲਗਵਾਈ। ਉਨ੍ਹਾਂ ਹੋਰਨਾਂ ਲੋਕਾਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਕਰੋਨਾ ਵੈਕਸੀਨ ਜ਼ਰੂਰ ਲਗਵਾਈ ਜਾਵੇ ਤਾਂ ਜੋ ਕਰੋਨਾ ਮਹਾਂਮਾਰੀ ਨੂੰ ਕੰਟਰੋਲ ਕੀਤਾ ਜਾ ਸਕੇ।

ਉਨ੍ਹਾਂ ਕਿਹਾ ਕਿ ਕਰੋਨਾ ਵੈਕਸੀਨ ਪੂਰੀ ਤਰ੍ਹਾਂ ਸੁਰੱਖਿਅਤ ਹੈ ਤੇ ਪੜਾਅ ਦੇ ਅਨੁਸਾਰ ਹਰੇਕ ਵਿਅਕਤੀ ਨੂੰ ਜ਼ਰੂਰ ਵੈਕਸੀਨ ਲਗਵਾਉਣੀ ਚਾਹੀਦੀ ਹੈ।ਉਨ੍ਹਾਂ 45 ਸਾਲ ਤੋਂ ਵਧੇਰੇ ਉਮਰ ਦੇ ਲੋਕਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਵੈਕਸੀਨ ਜ਼ਰੂਰ ਲਗਵਾਈ ਜਾਵੇ ਅਤੇ ਬਿਨਾਂ ਜ਼ਰੂਰੀ ਕੰਮ ਦੇ ਘਰ ਤੋਂ ਬਾਹਰ ਨਾ ਨਿਕਲਿਆ ਜਾਵੇ, ਘਰਾਂ ਵਿਚ ਰਹਿੰਦੇ ਹੋਏ ਵੀ ਸਾਵਧਾਨੀਆਂ ਦੀ ਪਾਲਣਾ ਰੱਖੀ ਜਾਵੇ ਅਤੇ ਮਾਸਕ ਦੀ ਵਰਤੋਂ ਲਾਜ਼ਮੀ ਕੀਤੀ ਜਾਵੇ ਅਤੇ ਹੱਥਾਂ ਨੂੰ ਵਾਰ-ਵਾਰ ਧੋਤਾ ਜਾਵੇ।

